**Signature and Name of Invigilator**

1. (Signature) ____________________

   (Name) ____________________

2. (Signature) ____________________

   (Name) ____________________

**OMR Sheet No. :** ..............................................
(To be filled by the Candidate)

**Roll No.** | | | | | | | | |
(In figures as per admission card)

**Roll No.** ____________________
(In words)

**N 0 2 4 1 7**

# PAPER - II
# PUNJABI

**Time : 1¼ hours]** **[Maximum Marks : 100**

Number of Pages in this Booklet : **12** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.
   **Example :** ① ② ● ④ where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry original question booklet and duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There are no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए।
2. इस प्रश्न-पत्र में पचास बहुविकल्पीय प्रश्न हैं।
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं। आपको सही उत्तर के वृत्त को पेन से भरकर काला करना है जैसा कि नीचे दिखाया गया है।
   **उदाहरण :** ① ② ● ④ जबकि (3) सही उत्तर है।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं। यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें। हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं।
10. **केवल नीले/काले बाल प्वाईंट पेन का ही प्रयोग करें।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है।**
12. **गलत उत्तरों के लिए कोई नकारात्मक अंक नहीं हैं।**

# PUNJABI
# ਪੰਜਾਬੀ
## PAPER - II
## ਪ੍ਰਸ਼ਨ-ਪੱਤਰ - II

**Note :** This paper contains **fifty (50)** objective type questions, each question carrying **two (2)** marks. Attempt **All** the questions.

ਨੋਟ : ਇਸ ਪ੍ਰਸ਼ਨ-ਪੱਤਰ ਵਿਚ ਪੰਜਾਹ **(50)** ਬਹੁ-ਵਿਲਕਲਪੀ ਪ੍ਰਸਨ ਹਨ। ਹਰੇਕ ਪ੍ਰਸ਼ਨ ਦੇ ਦੋ **(2)** ਅੰਕ ਹਨ। ਸੱਭ ਪ੍ਰਸ਼ਨਾਂ ਦੇ ਉੱਤਰ ਲਿਖੋ।

**1.** ਕਥਨ **(A) :** ਭਾਸ਼ਾ ਵਿਗਿਆਨ ਦਾ ਹੋਰਨਾਂ ਵਿਗਿਆਨਾਂ/ਸ਼ਸ਼ਤਰਾਂ ਨਾਲ ਸੰਬੰਧ ਇਸ ਕਰਕੇ ਹੈ ਕਿ ਭਾਸ਼ਾ ਇਨ੍ਹਾਂ ਦਾ ਮਾਧਿਅਮ ਮਾਤ੍ਰ ਵੀ ਹੈ ਤੇ ਵਿਆਖਿਆ ਕਰਤਾ ਵੀ।

ਕਾਰਨ **(R) :** ਕਿਉਂਕਿ ਭਾਸ਼ਾ ਤੋਂ ਬਿਨਾ ਨਾ ਤਾਂ ਵਿਆਖਿਆ ਹੋ ਸਕਦੀ ਹੈ ਅਤੇ ਨਾ ਹੀ ਸੰਚਾਰ।ਭਾਸ਼ਾ ਵਿਗਿਆਨ ਇੱਕ ਅਧਿਐਨ-ਵਿਧੀ ਵੀ ਹੈ ਜੋ ਸਾਰੇ ਗਿਆਨ ਵਿਗਿਆਨਾਂ ਦੇ ਮਸਲੇ ਵੀ ਨਜਿਠਦੀ ਹੈ।

(1) **(A)** ਠੀਕ ਹੈ ਤੇ **(R)** ਆਂਸ਼ਿਕ ਠੀਕ ਹੈ
(2) **(A)** ਤੇ **(R)** ਦੋਵੇਂ ਠੀਕ ਹਨ
(3) **(A)** ਤੇ **(R)** ਦੋਵੇਂ ਗ਼ਲਤ ਹਨ
(4) **(A)** ਤੇ **(R)** ਦੋਵੇਂ ਆਂਸ਼ਿਕ ਠੀਕ ਹਨ

**2.** ਭਾਸ਼ਾ ਵਿਗਿਆਨੀਆਂ ਤੇ ਭਾਸ਼ਾ ਅਧਿਐਨ ਖੇਤਰਾਂ ਦਾ ਸਹੀ ਮੇਲਾਨ ਹੈ :

| | **ਸੂਚੀ-I** | | **ਸੂਚੀ-II** |
|---|---|---|---|
| (a) | ਦੁਨੀ ਚੰਦ੍ਰ | (i) | ਮਾਝਾ ਖੇਤਰ |
| (b) | ਹਰਜੀਤ ਸਿੰਘ ਗਿੱਲ | (ii) | ਪੂਰਬ -ਅੱਧ ਖੇਤਰ |
| (c) | ਬਲਵੀਰ ਸਿੰਘ ਸੰਧੂ | (iii) | ਸਾਰਾ ਪੰਜਾਬੀ ਖੇਤਰ |
| (d) | ਸ.ਸ. ਜ਼ੋਸ਼ੀ | (iv) | ਦੁਆਬਾ ਖੇਤਰ |

ਉਪਰੋਕਤ ਦਾ ਸਹੀ ਕ੍ਰਮ ਹੈ :

| | **(a)** | **(b)** | **(c)** | **(d)** |
|---|---|---|---|---|
| (1) | (ii) | (i) | (iii) | (iv) |
| (2) | (iv) | (iii) | (i) | (ii) |
| (3) | (iii) | (i) | (ii) | (iv) |
| (4) | (ii) | (iv) | (i) | (iii) |

**3.** ਗਲੌਟਲ ਵਿਅੰਜਨ ਧੁਨੀਆਂ ਦੇ ਉਚਾਰਨ ਦਾ ਸੰਬੰਧ ਨਹੀਂ ਹੈ :

(1) ਉਚਾਰਨ ਸਥਾਨ ਨਾਲ
(2) ਉਚਾਰਨ ਦੀ ਗਤੀਵਿਧੀ ਨਾਲ
(3) ਨੱਕ ਪੋਲ ਨਾਲ
(4) ਸੁਰ ਯੰਤਰ ਨਾਲ

4. 'ਧੁਨੀਗ੍ਰਾਮ ਭਾਸਾ ਵਿਗਿਆਨ ਦਾ ਸੰਕਲਪ ਹੈ, ਮਨੋਵਿਗਿਆਨ ਦਾ ਨਹੀ' ਕਿਸ ਦਾ ਵਿਚਾਰ ਹੈ :
(1) ਚੋਮਸਕੀ (2) ਜੇ.ਆਰ. ਫਰਥ
(3) ਐਡਵਰਡ ਸੇਪੀਅਰ (4) ਟਰੂਬੇਜ਼ ਕੋਆਇ

5. ਸਮਾਨ ਦੁਹਰੁਕਤੀ ਦਾ ਕਿਹੜਾ ਜੁੱਟ ਸਹੀ ਹੈ :
(1) ਕਾਗਜ਼-ਪੱਤਰ, ਬੁਰਾ ਭਲਾ (2) ਲਾਲ ਸੁਰਖ, ਕੱਟਣਾ-ਵੱਢਣਾ
(3) ਨਫ਼ਾ ਨੁਕਸਾਨ, ਜਲ ਪਾਣੀ (4) ਗੁਣ-ਦੋਸ਼, ਇੱਧਰ-ਉੱਧਰ

6. ਨਾਮਕਰਣ ਦੇ ਪੱਖ ਤੋਂ ਕਿਹੜੀ ਲਿੱਪੀ ਬਾਕੀਆਂ ਤੋਂ ਵੱਖਰੀ ਹੈ :
(1) ਸ਼ਾਰਦਾ (2) ਦੇਵਾਸ਼ੇਸ਼ (3) ਦੇਵਨਾਗਰੀ (4) ਗੁਰਮੁਖੀ

7. ਕਥਨ **(A)** : ਭਾਰਤੀ ਭਾਸ਼ਾਵਾਂ ਵਿੱਚ ਸ਼ਬਦਾਵਲੀ ਦੀ ਸਾਂਝ ਹੈ ਇਸ ਲਈ ਸਾਰੀਆਂ ਭਾਸ਼ਾਵਾਂ ਵਿੱਚ ਪਰਿਵਾਰਕ ਸਾਂਝਾਂ ਹਨ।
ਕਾਰਨ **(R)**: ਕਿਉਂਕਿ ਭਾਸ਼ਾ ਦੀ ਸ਼ਬਦਾਵਲੀ ਪਰਿਵਾਰਕ ਸਾਂਝ ਦਾ ਆਧਾਰ ਹੁੰਦੀ ਹੈ ਇਸ ਕਰਕੇ ਹੀ ਇਨ੍ਹਾਂ ਭਾਰਤੀ ਭਾਸ਼ਾਵਾਂ ਵਿੱਚ ਪਰਿਵਾਰਕ ਸਾਂਝ ਮੌਜੂਦ ਹੈ।
(1) **(A)** ਠੀਕ ਹੈ **(R)** ਗ਼ਲਤ ਹੈ
(2) **(R)** ਠੀਕ ਹੈ **(A)** ਗ਼ਲਤ ਹੈ
(3) **(A)** ਆਂਸ਼ਿਕ ਠੀਕ ਹੈ ਤੇ **(R)** ਗਲਤ ਹੈ
(4) **(A)** ਤੇ **(R)** ਆਂਸ਼ਿਕ ਠੀਕ ਹਨ

8. ਕਿਹੜਾ ਅਗੇਤਰ ਅਰਬੀ-ਫ਼ਾਰਸੀ ਸਰੋਤ ਦਾ ਨਹੀਂ ਹੈ :
(1) ਕਮ— (2) ਲਿਰ— (3) ਨਾ— (4) ਲਾ—

9. ਭਾਰਤੀ ਯੂਰਪੀ ਪਰਿਵਾਰ ਦੀ ਸ਼ਾਖ਼ਾ ਦੀ ਕਲਾਸਿਕ ਭਾਸ਼ਾ ਨਹੀ :
(1) ਗ੍ਰੀਕ (2) ਸਲੈਵਿਕ (3) ਸੰਸਕ੍ਰਿਤ (4) ਲਾਤੀਨੀ

10. ਅੰਗ੍ਰੇਜ਼ੀ ਦੇ ਸੰਕਲਪੀ ਸ਼ਬਦਾਂ ਦੇ ਪੰਜਾਬੀ ਰੂਪਾਂ ਦਾ ਸਹੀ ਮੇਲਾਨ ਹੈ :

| **ਸੂਚੀ-I** | | **ਸੂਚੀ-II** | |
|---|---|---|---|
| (a) | ਪ੍ਰਤੀਉਕਤੀ | (i) | Distinctive |
| (b) | ਨਿਖੇੜੂ | (ii) | Exophoric relation |
| (c) | ਪਿਛਲੇ ਸੰਬੰਧ | (iii) | Anaphoric relation |
| (d) | ਅਗਲੇ ਸੰਬੰਧ | (iv) | Cataphoric relation |

ਉਪਰੋਕਤ ਦਾ ਸਹੀ ਕ੍ਰਮ ਹੈ :

| | **(a)** | **(b)** | **(c)** | **(d)** |
|---|---|---|---|---|
| (1) | (ii) | (iv) | (iii) | (i) |
| (2) | (i) | (iii) | (ii) | (iv) |
| (3) | (ii) | (i) | (iv) | (iii) |
| (4) | (iv) | (i) | (ii) | (iii) |

11. ਪਿਜਨ ਤੇ ਕਰਿਓਲ ਭਾਸ਼ਾਈ ਵਰਤਾਰੇ ਲਈ ਕਿਹੜਾ ਕਥਨ ਢੁੱਕਵਾਂ ਹੈ :

(1) ਪਿਜਨ ਲੋਪ ਹੋ ਜਾਣ ਵਾਲਾ ਵਰਤਾਰਾ ਹੈ ਪਰ ਕਰਿਓਲ ਨਹੀਂ

(2) ਪਿਜਨ ਤੇ ਕਰਿਓਲ ਦੋਵੇਂ ਲੋਪ ਹੋ ਜਾਣ ਵਾਲੇ ਵਰਤਾਰੇ ਹਨ

(3) ਪਿਜਨ ਤੇ ਕਰਿਓਲ ਦੋਵੇਂ ਮਾਤ ਭਾਸ਼ਾ ਦਾ ਰੁਤਬਾ ਗ੍ਰਹਿਣ ਕਰ ਸਕਦੀਆਂ ਹਨ

(4) ਪਿਜਨ ਮਾਤ ਭਾਸ਼ਾ ਬਣ ਸਕਦੀ ਹੈ ਤੇ ਕਰਿਓਲ ਲੋਪ ਹੋ ਜਾਣ ਵਾਲਾ ਵਰਤਾਰਾ ਹੈ

12. ਕੋਸ਼ਕਾਰੀ ਨਾਲ ਕਿਸਦਾ ਮੁੱਖ ਸੰਬੰਧ ਹੈ :

(1) ਸ਼ਬਦਾਂ ਦੇ ਉਚਾਰਨ ਨਾਲ

(2) ਸ਼ਬਦਾਂ ਦੇ ਅਰਥਾਂ ਨਾਲ

(3) ਸ਼ਬਦਾਂ ਦੇ ਰੂਪਾਂਤਰੀ ਰੂਪਾਂ ਨਾਲ

(4) ਗਿਆਨ ਭੇਦਕ ਅਰਥਾਂ ਨਾਲ

13. 'ਵਿਚਲਨ' ਸੰਕਲਪ ਦਾ ਸੰਬੰਧ ਕਿਸ ਵਿਸ਼ੇਸ਼ ਅਨੁਸ਼ਾਸ਼ਨ ਨਾਲ ਹੈ :

(1) ਚਿੰਨ੍ਹ ਵਿਗਿਆਨ

(2) ਸਮਾਜ ਭਾਸ਼ਾ ਵਿਗਿਆਨ

(3) ਸ਼ੈਲੀ ਵਿਗਿਆਨ

(4) ਉਪਭਾਸ਼ਾ ਵਿਗਿਆਨ

14. ਰੋਮਨ ਜੈਕਬਸਨ ਅਨੁਸਾਰ ਸੰਚਾਰ-ਕਾਰਜ ਵਿੱਚ ਭਾਸ਼ਾ ਦੇ ਮੁੱਖ ਪ੍ਰਯੋਜਕ ਹਨ :

(1) ਅਭਿਵਿਅਕਤੀ, ਕਿਰਿਆਤਮਕ, ਕਾਵਿਮਈ, ਭਾਵਾਤਮਕ

(2) ਵਿਸ਼ੈਮੂਲਕ, ਸੁਹਜਮੂਲਕ, ਸੰਬੰਧਮੂਲਕ, ਸੰਕੇਤਮੂਲਕ

(3) ਸੰਪਰਕਮੂਲਕ, ਕਲਾਤਮਕ, ਸੰਕੇਤਮੂਲਕ. ਭਾਵਾਤਮਕ

(4) ਨਿਰੂਪਕ, ਤਰਕਮੂਲਕ, ਨਿਦੇਸ਼ਮੂਲਕ. ਕਾਵਿਮਈ

15. ਪੱਛਮੀ ਕਾਵਿ-ਸ਼ਾਸ਼ਤਰ ਦੇ ਮੁੱਢਲੇ ਸਰੋਕਾਰਾਂ ਵਿੱਚੋਂ ਪ੍ਰਮੁੱਖ ਹੈ :

(1) ਕਾਵਿ ਦੀ ਰੂਪਾਕਾਰਕ ਅਤੇ ਭਾਸ਼ਾਈ ਵਿਸ਼ਿਸ਼ਟਤਾ

(2) ਲੌਕਿਕ ਸੱਚ ਅਤੇ ਕਾਵਿਕ ਸੱਚ ਦਾ ਸੰਜਮ

(3) ਕਾਵਿ ਅਰਥਾਂ ਦਾ ਅਲ਼ੌਕਿਕ ਤੇ ਕਲਿਆਣਕਾਰੀ ਸੁਭਾਅ

(4) ਸੁਖਾਂਤਿਕ ਅਤੇ ਦੁਖਾਂਤਿਕ ਕਾਵਿ-ਭੇਦਾਂ ਦੀ ਪਹਿਚਾਣ

16. ਸਾਹਿਤ ਦਾ ਦਰਸ਼ਨ ਅਤੇ ਇਤਿਹਾਸ ਨਾਲ ਵਿਸ਼ਿਸ਼ਟ ਸੰਬੰਧ ਕਿਸ ਨੇ ਸਥਾਪਿਤ ਕੀਤਾ :

(1) ਲੌਂਜਾਈਨਸ

(2) ਅਰਸਤੂ

(3) ਕ੍ਰੋਚੇ

(4) ਪਲੈਟੋ

17. ਗ਼ਜ਼ਲ-ਸਿਧਾਂਤ ਨਾਲ ਸੰਬੰਧਿਤ ਪੁਸਤਕਾਂ ਦਾ ਸਹੀ ਮੇਲਾਨ ਹੈ :

| ਸੂਚੀ-I | | ਸੂਚੀ-II | |
|---|---|---|---|
| (a) | ਪਿੰਗਲ ਤੇ ਅਰੂਜ਼ | (i) | ਸੁਲੱਖਣ ਸਰਹੱਦੀ |
| (b) | ਸੰਪੂਰਨ ਪਿੰਗਲ ਤੇ ਅਰੂਜ਼ | (ii) | ਨਦੀਮ ਪਰਮਾਰ |
| (c) | ਗ਼ਜ਼ਲ ਕੀ ਹੈ | (iii) | ਜੋਗਿੰਦਰ ਸਿੰਘ |
| (d) | ਗ਼ਜ਼ਲ ਦਾ ਵਿਆਕਰਣ | (iv) | ਦੀਪਕ ਜੈਤੋਈ |

ਉਪਰੋਕਤ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (1) | (iv) | (ii) | (iii) | (i) |
| (2) | (iii) | (i) | (iv) | (ii) |
| (3) | (ii) | (iii) | (i) | (iv) |
| (4) | (i) | (iv) | (iii) | (ii) |

18. ਰੁਬਾਈ ਲਈ ਕਿਹੜਾ ਛੰਦ ਵਧੇਰੇ ਵਰਤਿਆ ਜਾਂਦਾ ਹੈ :

(1) ਬੈਂਤ (2) ਦੋਹੜਾ (3) ਦਵੱਈਆਂ (4) ਕੋਰੜਾ

19. ਕਿਹੜੇ ਵਾਰਤਕ ਰੂਪ ਨੂੰ 'ਅਨਿਜੀ ਖੁੱਲ੍ਹੀ ਚਿੱਠੀ ਵਰਗ' ਮੰਨਿਆ ਗਿਆ ਹੈ :

(1) ਜੀਵਨੀ (2) ਸੰਸਮਰਣ (3) ਡਾਇਰੀ (4) ਨਿਬੰਧ

20. ਸ਼ਲੋਕ ਕਾਵਿ ਰੂਪਾਂ ਦੇ ਪ੍ਰਧਾਨ ਛੰਦ ਹਨ :

(a) ਦੋਹਰਾ
(b) ਦਵੱਈਆਂ
(c) ਚੌਪਈ
(d) ਕਬਿੱਤ

ਉਪਰੋਕਤ ਵਿੱਚ ਸਹੀ ਹਨ

(1) (a) ਅਤੇ (c) (2) (b) ਅਤੇ (d)
(3) (a) ਅਤੇ (b) (4) (c) ਅਤੇ (d)

21. ਭਾਰਤੀ ਕਾਵਿ-ਸ਼ਸ਼ਤਰ ਅਨੁਸਾਰ ਪ੍ਰਤਿਭਾ, ਵਿਉਤਪੱਤੀ ਅਤੇ ਅਭਿਆਸ ਹਨ :

(1) ਕਾਵਿ ਦੇ ਹੇਤੂ (2) ਕਾਵਿ ਦੇ ਤੱਤ (3) ਕਾਵਿ ਦੇ ਪ੍ਰਯੋਜਨ (4) ਕਾਵਿ ਦੇ ਭੇਦ

22. ਉੱਤਮ ਕਾਵਿ, ਮੱਧਮ ਕਾਵਿ ਅਤੇ ਅਧਮ ਕਾਵਿ ਦਾ ਸੰਬੰਧ ਹੈ :

(1) ਰੀਤੀ ਸੰਪ੍ਰਦਾਇ (2) ਵਕ੍ਰੋਕਤੀ ਸੰਪ੍ਰਦਾਇ
(3) ਔਚਿਤਯ ਸੰਪ੍ਰਦੀਇ ਨਾਲ (4) ਧੁਨੀ ਸੰਪ੍ਰਦਾਇ ਨਾਲ

**23.** ਹੇਮ ਚੰਦਰ ਅਨੁਸਾਰ ਸ਼੍ਰਵ ਕਾਵਿ ਦੇ ਭੇਦ ਹਨ :

(1) ਨਿਬੱਧ ਤੇ ਅਨਿਬੱਧ (2) ਪ੍ਰਬੰਧ ਤੇ ਖੰਡ

(3) ਪਦ ਤੇ ਗਦ (4) ਲਘੂ ਤੇ ਚੰਪੂ

**24.** ਮਹਾਂਕਾਵਿ ਦੇ ਮੁੱਖ ਲੱਛਣ ਹਨ :

(1) ਦੇਵਤਾ ਨਾਇਕ, ਇਤਿਹਾਸਕ ਸਥਿਤੀਆਂ ਅਤੇ ਹਾਸ ਰਸ ਦੀ ਪ੍ਰਧਾਨਤਾ

(2) ਦੇਵਤਾ ਨਾਇਕ, ਇਤਿਹਾਸਕ ਕਥਾਨਕ ਅਤੇ ਵੀਰ ਰਸ ਦੀ ਪ੍ਰਧਾਨਤਾ

(3) ਦੇਵਤਾ ਨਾਇਕ, ਪਰਾਲੌਕਿਕ ਕਾਰਜ ਅਤੇ ਸ਼ਾਂਤ ਰਸ ਦੀ ਪ੍ਰਧਾਨਤਾ

(4) ਅੰਗਬੱਧਤਾ, ਕਰੁਣਾ ਰਸ ਅਤੇ ਸਧਾਰਨ ਨਾਇਕ

**25.** ਉੱਤਰ-ਆਧੁਨਿਕਤਾਵਾਦ ਦੇ ਮੁੱਖ ਪੱਖ ਹਨ :

(a) ਮਹਾਂਬਿਰਤਾਂਤ

(b) ਬਹੁ-ਸੁਰਾਪਣ

(c) ਦਵੰਦਾਤਮਕਤਾ

(d) ਹਾਸ਼ੀਆਗਤ ਭਾਵਾਂ ਦੀ ਪ੍ਰਤਿਨਿੱਧਤਾ

(1) (a), (c), (d) (2) (b), (c), (a)

(3) (a), (b), (d) (4) (a), (c), (b)

**26.** ਕਾਵਿ ਦੀ ਆਤਮਾ ਸੰਬੰਧੀ ਸਹੀ ਮੇਲਾਨ ਹੈ :

| | **ਸੂਚੀ-I** | | **ਸੂਚੀ-II** |
|---|---|---|---|
| (a) | ਔਚਿਤਯ | (i) | ਭਾਮਹ |
| (b) | ਅਲੰਕਾਰ | (ii) | ਵਾਮਨ |
| (c) | ਰੀਤੀ | (iii) | ਕੁੰਤਕ |
| (d) | ਵਕ੍ਰੋਕਤੀ | (iv) | ਕਸ਼ੇਮੇਂਦ੍ਰ |

**ਉਪਰੋਕਤ ਦਾ ਸਹੀ ਕ੍ਰਮ ਹੈ :**

| | **(a)** | **(b)** | **(c)** | **(d)** |
|---|---|---|---|---|
| (1) | (iii) | (ii) | (iv) | (i) |
| (2) | (iv) | (i) | (ii) | (iii) |
| (3) | (ii) | (i) | (iv) | (iii) |
| (4) | (i) | (ii) | (iii) | (iv) |

**27.** ਨਵ-ਅਰਸਤੂਵਾਦੀ ਪ੍ਰਣਾਲੀ ਦੇ ਸਰੋਕਾਰਾਂ ਨੇ ਕਿਸ ਪ੍ਰਣਾਲੀ ਨੂੰ ਵਧੇਰੇ ਪੁਸ਼ਟੀ ਪ੍ਰਦਾਨ ਕੀਤੀ :

(1) ਚਿਹਨ-ਵਿਗਿਆਨਕ (2) ਸਮਾਜ-ਸ਼ਾਸ਼ਤਰੀ

(3) ਰੂਪਵਾਦੀ (4) ਸੰਰਚਨਾਵਾਦੀ

28. ਮਾਰਕਸਵਾਦੀ ਸਾਹਿਤ ਅਧਿਐਨ ਵਿਧੀ ਨਾਲ ਸੰਬੰਧਿਤ ਪੁਸਤਕਾਂ ਦਾ ਸਹੀ ਮੇਲਾਨ ਹੈ :

| | **ਸੂਚੀ-I** | | **ਸੂਚੀ-II** |
|---|---|---|---|
| (a) | Christoher Caudwell | (i) | Theory of Novel |
| (b) | Terry Eagleton | (ii) | Illusion and Reality |
| (c) | Fredric Jameson | (iii) | Literary theory |
| (d) | George Lukaes | (iv) | The Political Unconscious |

ਉਪਰੋਕਤ ਦਾ ਸਹੀ ਕ੍ਰਮ ਹੈ :

| | **(a)** | **(b)** | **(c)** | **(d)** |
|---|---|---|---|---|
| (1) | (i) | (iii) | (ii) | (iv) |
| (2) | (iii) | (ii) | (i) | (iv) |
| (3) | (ii) | (iii) | (iv) | (i) |
| (4) | (ii) | (iv) | (iii) | (i) |

29. ਸਾਹਿਤ ਦੀ ਇਤਿਹਾਸਕਾਰੀ ਦਾ ਨਵੀਨਤਮ ਝੁਕਾਅ ਹੈ :
(1) ਕਾਲਮੁੱਖਤਾ (2) ਬਿਰਤਾਂਤਮੁੱਖਤਾ (3) ਤੱਥਮੁੱਖਤਾ (4) ਰਾਜਨੀਤੀਮੁੱਖਤਾ

30. ਸਾਹਿਤ ਦੀ ਇਤਿਹਾਸਕਾਰੀ ਦੇ ਪ੍ਰਮਾਣਿਕ ਆਧਾਰ ਹਨ :
(1) ਸਾਹਿਤਕ ਪਾਠ, ਸਭਿਆਚਾਰ, ਧਰਮ (2) ਕਾਲਕ੍ਰਮਤਾ, ਰਾਜਨੀਤੀ, ਵਿਸ਼ੈਮੂਲਕਤਾ
(3) ਰੂਪਾਕਾਰ, ਸਾਹਿਤਕ ਪਾਠ, ਨੈਤਿਕਤਾ (4) ਕਾਲਕ੍ਰਮਤਾ, ਰੂਪਾਕਾਰ, ਪ੍ਰਵਿਰਤੀ

31. ਕਥਨ **(A)** : ਪੰਜਾਬੀ ਸਾਹਿਤ ਦੇ ਆਦਿ ਕਾਲ ਤੋਂ ਹੀ ਰਹੱਸਵਾਦੀ ਪ੍ਰਵਿਰਤੀ ਸਾਡੇ ਸਭਿਆਚਾਰ ਵਿੱਚ ਬਲਵਾਨ ਰਹੀ ਹੈ, ਜਿਸ ਦੀ ਸਾਰਥਕਤਾ ਤੇ ਵਿਆਪਕਤਾ ਅੱਜ ਵੀ ਬਰਕਰਾਰ ਹੈ।
ਕਾਰਨ **(R)** : ਪਰ ਆਧੁਨਿਕ ਕਾਲ ਵਿੱਚ ਇਸ ਪ੍ਰਵਿਰਤੀ ਦੀ ਬਹੁਤੀ ਸਾਰਥਕਤਾ ਨਹੀਂ ਰਹੀ, ਕਿਉਂਜੋ ਵਿਗਿਆਨ ਤੇ ਤਕਨਾਲੋਜੀ ਨੇ ਅਜੋਕੇ ਮਨੁੱਖ ਦੀ ਦ੍ਰਿਸ਼ਟੀ ਵਿੱਚ ਪਰਿਵਰਤਨ ਲਿਆਂਦਾ ਹੈ।
ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :
(1) **(A)** ਅੰਸ਼ਿਕ ਸਹੀ ਹੈ **(R)** ਸਹੀ ਹੈ
(2) **(A)** ਗ਼ਲਤ ਹੈ **(R)** ਅੰਸ਼ਿਕ ਸਹੀ ਹੈ
(3) **(A)** ਅਤੇ **(R)** ਦੋਵੇਂ ਗ਼ਲਤ ਹਨ
(4) **(A)** ਗ਼ਲਤ ਹੈ **(R)** ਸਹੀ ਹੈ

32. ਕਿਹੜਾ ਜੁੱਟ ਸਹੀ ਨਹੀਂ ਹੈ :
(1) ਗੁਪਾਲ ਸਿੰਘ ਦਰਦੀ-ਪੰਜਾਬੀ ਸਾਹਿਤ ਦਾ ਇਤਿਹਾਸ
(2) ਬਨਾਰਸੀ ਦਾਸ ਜੈਨ-ਪੰਜਾਬੀ ਜ਼ੁਬਾਨ ਤੇ ਉਸ ਦਾ ਲਿਟਰੇਚਰ
(3) ਬਾਵਾ ਬੁੱਧ ਸਿੰਘ-ਹੰਸ ਚੋਗ
(4) ਸੇਰੇਬਰੀਆ ਕੋਵ-ਪ੍ਰਸਿੱਧ ਪੰਜਾਬੀ ਕਵੀ

33. ਅਸਤਿੱਤਵਵਾਦੀ ਲਹਿਰ ਦੇ ਮੁੱਖ ਸਾਹਿਤਕ ਪ੍ਰਤਿਮਾਨ ਹਨ :

(1) ਅਨੰਤਮੁੱਖਤਾ-ਵਸਤੂ ਦ੍ਰਿਸ਼ਟੀ
(2) ਇਤਿਹਾਸਮੁੱਖਤਾ-ਸ਼੍ਰੇਣੀ ਚੇਤਨਾ
(3) ਆਦਰਸ਼ਮੁੱਖਤਾ-ਰਾਸ਼ਟਰੀ ਚੇਤਨਾ
(4) ਆਤਮ-ਕੇਂਦਰਤਾ-ਹੋਂਦ ਦੀ ਪ੍ਰਮੁੱਖਤਾ

34. ਪਰੰਪਰਕ ਪੰਜਾਬੀ ਪਰਿਵਾਰਕ ਬਣਤਰ ਨੂੰ ਰੂਪਮਾਨ ਕਰਨ ਵਾਲੇ ਪ੍ਰਮੁੱਖ ਤੱਤ ਹਨ :

(1) ਸੰਯੁਕਤ ਪਰਿਵਾਰ ਅਤੇ ਸਾਂਝੇ ਆਰਥਿਕ ਸ੍ਰੋਤ
(2) ਭੂਗੋਲਿਕ ਸਥਿਤੀ ਅਤੇ ਇਤਿਹਾਸਕਤਾ
(3) ਕਿੱਤਾ-ਮੁਖੀ-ਵੰਨ-ਸੁਵੰਨਤਾ ਅਤੇ ਖੇਤੀ ਪ੍ਰਧਾਨਤਾ
(4) ਬਹੁ-ਜਾਤੀ ਪ੍ਰਬੰਧ ਅਤੇ ਧਰਮ-ਪ੍ਰਧਾਨਤਾ

35. 'ਬਾਤ ਲੋਕ-ਮਨ ਦੀ ਬਿਰਤਾਂਤਕ ਅਭਿਵਿਕਤੀ ਹੈ' ਕਿਸਦਾ ਕਥਨ ਹੈ :

(1) ਦੇਵਿੰਦਰ ਸਤਿਆਰਥੀ
(2) ਸ.ਸ ਵਣਜਾਰਾ ਬੇਦੀ
(3) ਕਰਨੈਲ ਸਿੰਘ ਥਿੰਦ
(4) ਗੁਰਮੀਤ ਸਿੰਘ

36. Madness and Civilization ਦਾ ਕਰਤਾ :

(1) Mary Douglas
(2) Emile Durkheim
(3) M. Foucault
(4) Alan Dundes

37. ਪੰਜਾਬ ਦੀਆਂ ਸਭਿਆਚਾਰਕ ਮਨੌਤਾਂ ਨਾਲ ਸੰਬੰਧਿਤ ਸਹੀ ਚਿਹਨ ਰੂਪ ਨਹੀਂ ਹਨ :

(1) ਸ਼ਿਵਦੁਆਲਾ, ਬਲਦ, ਵੱਛਾ
(2) ਲਾੜਾ, ਘੋੜੀ, ਵਛੇਰਾ
(3) ਪੀਰ, ਬੱਕਰਾ, ਛੇਲਾ
(4) ਦਰਗਾਹ, ਊਠ, ਬਤਾਰੂ

38. ਕਥਨ **(A)** : ਕਿਸੇ ਵੀ ਸਭਿਆਚਾਰਕ ਸਮੂਹ ਦੀ ਲੋਕਧਾਰਾਈ ਸਿਰਜਣਾ ਵਧੇਰੇ ਕਰਕੇ ਉਸਦੇ ਆਤਮਿਕ ਮਾਹੌਲ,ਜਾਤੀਗਤ ਬੰਧਨ, ਦਾਇਰਾ ਗਤ ਸੀਮਾਵਾਂ ਅਤੇ ਹੋਰ ਵਿਹਾਰ ਮੂਲਕ ਪ੍ਰਸੰਗਾਂ ਵਿੱਚੋਂ ਆਪ ਮੁਹਾਰੇ ਹੁੰਦੀ ਹੈ।

ਕਾਰਨ **(R)** : ਇਸੇ ਕਰਕੇ ਅਜੋਕੀ ਸਥਿਤੀ ਦੁਆਰਾ ਸਿਰਜੇ ਜਾ ਰਹੇ ਦਿਸਦੇ ਤੇ ਅਣਦਿਸਦੇ ਸ਼ਕਤੀਸ਼ਾਲੀ ਦਬਾਅ ਦੀ ਲੋਕਧਾਰਾ ਨੂੰ ਪ੍ਰਭਾਵਿਤ ਕਰਨ ਤੋਂ ਅਸਮਰਥ ਰਹੇ ਹਨ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(1) **(A)** ਗ਼ਲਤ ਹੈ **(R)** ਸਹੀ ਹੈ
(2) **(A)** ਸਹੀ ਹੈ **(R)** ਗ਼ਲਤ ਹੈ
(3) **(A)** ਅਤੇ **(R)** ਦੋਵੇਂ ਸਹੀ ਹਨ
(4) **(A)** ਅਤੇ **(R)** ਦੋਵੇਂ ਗ਼ਲਤ ਹਨ

39. ਕਥਨ (A) : ਸਭਿਆਚਾਰਕ ਰੂਪਾਂ ਦੀ ਸਾਂਭ ਸੰਭਾਲ ਤੇ ਕਾਰਜ ਦੀ ਮੁੱਖ ਸੀਮਾ ਇਹ ਹੈ ਕਿ ਇਹ ਉਨ੍ਹਾਂ ਦੀ ਪੁਰਾਤੱਤਵਾਦੀ ਸਾਰਥਕਤਾ ਨੂੰ ਉਜਾਗਰ ਕਰਨ ਵਿੱਚ ਯਤਨਸ਼ੀਲ ਤਾਂ ਰਹਿੰਦੀ ਹੈ,ਪਰ ਉਨ੍ਹਾਂ ਦੀ ਜੀਵੰਤ ਸਭਿਆਚਾਰਕ ਤੌਰ ਤੇ ਗਤੀਸ਼ੀਲ ਰੂਪਾਂ ਦੀ ਸੰਭਾਲ ਵਲ ਧਿਆਨ ਨਹੀਂ ਦਿੰਦੀ।

ਕਾਰਨ (R) : ਕਿਉਂਕਿ ਅਸੀਂ ਸਭਿਆਚਾਰ ਦੇ ਸਥਿਰ ਰੂਪਾਂ ਦੀ ਹੀ ਸਾਂਭ-ਸੰਭਾਲ ਕਰਦੇ ਹਾਂ, ਉਸਦੇ ਗਤੀਸ਼ੀਲ ਅਤੇ ਰੂਪਾਂਤਰਿਤ ਰੂਪਾਂ ਦੀ ਨਹੀਂ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(1) **(A)** ਗ਼ਲਤ ਹੈ **(R)** ਸਹੀ ਹੈ
(2) **(A)** ਆਂਸ਼ਿਕ ਸਹੀ ਹੈ ਅਤੇ **(R)** ਗ਼ਲਤ ਹੈ
(3) **(A)** ਅਤੇ **(R)** ਦੋਵੇਂ ਸਹੀ ਹਨ
(4) **(A)** ਅਤੇ **(R)** ਦੋਵੇਂ ਗ਼ਲਤ ਹਨ

40. ਦੁਆਬਾ ਸਭਿਆਚਾਰਕ ਉਪ-ਖੰਡ ਦੇ ਖੇਤਰੀ ਪਛਾਣ-ਚਿੰਨ੍ਹ ਹਨ :

(1) ਚੋਅ, ਟਪਕਾ, ਸ਼ੀਰੋ ਦੁਆਬ
(2) ਗੋਪੀਆਂ, ਖ਼ਰਕਾ, ਜੰਡ
(3) ਰਹਿਕਲਾ, ਮਲਾਂਜੀ, ਮੰਝਕੀ
(4) ਬਾਰ, ਪੇਸ਼ੀ, ਤੁਰਲਾ

41. ਅਖਾਣ ਅਤੇ ਮੁਹਾਵਰੇ ਵਿੱਚ ਵਰਤੀ ਜਾਂਦੀ ਭਾਸ਼ਾ ਵਿੱਚ ਭਾਸ਼ਾਈ ਸੰਚਾਰ ਹੁੰਦਾ ਹੈ :

(1) ਲਾਕਸ਼ਣਿਕ ਪੱਧਰ ਦਾ
(2) ਗਿਆਨਾਰਥਕ ਪੱਧਰ ਦਾ
(3) ਭਾਵਾਰਥਕ ਪੱਧਰ ਦਾ
(4) ਸਰਲਾਰਥਕ ਪੱਧਰ ਦਾ

42.

| | ਸੂਚੀ-I | | ਸੂਚੀ-II |
|---|---|---|---|
| (a) | Budh Parkash | (i) | Folk Art of the Punjab |
| (b) | Surjeet Singh | (ii) | Evolution of the Heroic Tradition of the Punjab |
| (c) | H.S. Gill | (iii) | Cultural Past |
| (d) | Romila Thapar | (iv) | Oral Tradition and cultural heritage of Punjab |

ਉਪਰੋਕਤ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (1) | (i) | (iii) | (iv) | (ii) |
| (2) | (iv) | (iii) | (ii) | (i) |
| (3) | (ii) | (iv) | (i) | (iii) |
| (4) | (ii) | (i) | (iii) | (iv) |

43. ਲੋਕ ਸਾਜ਼ਾਂ ਦਾ ਸਹੀ ਵਰਗ ਹੈ :

(1) ਬੰਸਰੀ, ਨਗਾਰਾ, ਵੀਣਾ
(2) ਰਾਵਣ ਹੱਥਾ, ਮਰਦੰਗ, ਡੱਫ
(3) ਇਕਤਾਰਾ, ਹਾਰਮੋਨੀਅਮ, ਸ਼ਹਿਨਾਈ
(4) ਜਲਤਰੰਗ, ਸਿਤਾਰ, ਤਬਲਾ

44. ਲੋਕਧਾਰਾ ਦੀਆਂ ਅਧਿਐਨ ਵਿਧਿਆਂ ਹਨ :

(a) ਇਤਿਹਾਸਕ ਭੂਗੋਲਕ, ਵਿਚਾਰਧਾਰਾਤਮਕ, ਸੰਰਚਨਾਤਮਕ

(b) ਵਿਚਾਰਧਾਰਾਤਮਕ, ਸਿਰਜਣਾਤਮਕ, ਪ੍ਰਸੰਸਾਤਮਕ

(c) ਪ੍ਰਕਾਰਜਾਤਮਕ, ਮਨੋਵਿਸ਼ਲੇਸ਼ਣਾਤਮਕ, ਰੂਪਾਤਮਕ

(d) ਸੁਹਜਾਤਮਕ, ਮਨੋਵਿਸ਼ਲੇਸ਼ਣਾਤਮਕ, ਪ੍ਰਕਾਰਜਾਤਮਕ

ਉਪਰੋਕਤ ਵਿਚੋਂ ਸਹੀ ਹਨ :

(1) (a) ਅਤੇ (d) (2) (b) ਅਤੇ (c)

(3) (a) ਅਤੇ (c) (4) (b) ਅਤੇ (d)

45.

| | ਸੂਚੀ-I | | ਸੂਚੀ-II |
|---|---|---|---|
| (a) | Edmond Leach | (i) | Anthropological Religion |
| (b) | Edward Said | (ii) | Elementary Structures of Kinship |
| (c) | F. Max Muller | (iii) | Culture and Communication |
| (d) | Claude Levi-Strauss | (iv) | Cultural Imperialism |

ਉਪਰੋਕਤ ਦਾ ਸਹੀ ਕ੍ਰਮ ਹੈ :

| | (a) | (b) | (c) | (d) |
|---|---|---|---|---|
| (1) | (ii) | (iii) | (iv) | (i) |
| (2) | (iii) | (iv) | (i) | (ii) |
| (3) | (iv) | (ii) | (iii) | (i) |
| (4) | (i) | (ii) | (iii) | (iv) |

46. ਖੋਜ-ਪ੍ਰਬੰਧ ਦੇ ਅਨਿਵਾਰੀ ਅੰਗ ਹਨ :

(1) ਸਿਰਲੇਖ, ਪ੍ਰਸਤਾਵਨਾ, ਪਰਿਸ਼ਿਸ਼ਟ

(2) ਅਧਿਆਇ ਵੰਡ, ਸਾਰ ਤੇ ਸਥਾਪਨਾ, ਪੁਸਤਕ ਸੂਚੀ

(3) ਭੂਮਿਕਾ, ਖੇਤਰੀ ਕਾਰਜ, ਸਰਵੇਖਣ

(4) ਸੰਕੇਤਾਵਲੀ, ਟਿੱਪਣੀਆਂ ਤੇ ਹਵਾਲੇ, ਖੋਜ-ਸੰਦ

47. ਖੋਜ-ਸੰਦਾਂ ਦਾ ਸਹੀ ਵਰਗ ਹੈ :
(1) ਪੁਸਤਕਾਲਾ, ਖੇਤਰੀ ਕਾਰਜ, ਕੰਪਿਊਟਰ, ਡੇਟਾ ਬੇਸ
(2) ਖੋਜ-ਤੱਥ, ਕੈਮਰਾ, ਪ੍ਰਸ਼ਨਾਵਲੀ, ਖੋਜ-ਵਿਧੀ
(3) ਸੂਚਕ, ਨਿਗਰਾਨ, ਟੇਪ ਰਿਕਾਡਰ, ਸਾਰੰਸ਼
(4) ਹਵਾਲਾ ਗ੍ਰੰਥ, ਪ੍ਰਸ਼ਨਾਵਲੀ, ਸਟਾਇਲ ਸ਼ੀਟ, ਰਿਕਾਰਡਰ

48. ਸਾਹਿਤ ਅਕਾਦੇਮੀ ਦੇ 'ਭਾਸ਼ਾ ਸਨਮਾਨ' ਪੁਰਸਕਾਰ ਦਾ ਜੇਤੂ ਵਿਦਵਾਨ ਹੈ :
(1) ਪ੍ਰੋਫੈਸਰ ਪ੍ਰੀਤਮ ਸਿੰਘ (2) ਪ੍ਰੇਮ ਪ੍ਰਕਾਸ਼ ਸਿੰਘ
(3) ਜਸਪਾਲ ਸਿੰਘ (4) ਅਤਰ ਸਿੰਘ

49. ਸਮਕਾਲੀ ਪੰਜਾਬੀ ਉਪਾਧੀ ਸਾਪੇਖ ਵਿੱਚ ਅਣਗੌਲਿਆਂ ਜਾ ਰਿਹਾ ਅਧਿਐਨ ਖੇਤਰ ਹੈ :
(1) ਪਰਵਾਸੀ ਸਾਹਿਤ, ਨਾਵਲ, ਕਹਾਣੀ, ਸਭਿਆਚਾਰ
(2) ਨਾਟਕ ਤੇ ਰੰਗਮੰਚ, ਵਾਰਤਕ, ਆਲੋਚਨਾ, ਭਾਸ਼ਾ
(3) ਗੁਰਬਾਣੀ, ਲੋਕਧਾਰਾ, ਕਿੱਸਾ ਕਾਵਿ, ਆਧੁਨਿਕ ਕਵਿਤਾ
(4) ਸੂਫੀ ਕਾਵਿ, ਬੀਰ ਕਾਵਿ, ਜਨਮ ਸਾਖੀ, ਗੀਤਕਾਰੀ

50.

| | ਸੂਚੀ-I | | ਸੂਚੀ-II |
|---|---|---|---|
| (a) | ਖੋਜ:ਸਿਧਾਂਤ ਤੇ ਵਿਹਾਰ | (i) | ਦੇਵਿੰਦਰ ਸਿੰਘ ਵਿਦਿਆਰਥੀ |
| (b) | ਪੰਜਾਬੀ ਵਿੱਚ ਖੋਜ ਤੇ ਸੋਧ | (ii) | ਧਰਮ ਸਿੰਘ |
| (c) | ਖੋਜ ਚਿੰਤਨ | (iii) | ਪਿਆਰਾ ਸਿੰਘ |
| (d) | ਪੰਜਾਬੀ ਖੋਜ ਦਾ ਇਤਿਹਾਸ | (iv) | ਕੇਸਰ ਸਿੰਘ ਕੇਸਰ |

ਉਪਰੋਕਤ ਦਾ ਸਹੀ ਮੇਲਾਨ ਹੈ :

| | (a) | (b) | (c) | (d) |
|---|---|---|---|---|
| (1) | (ii) | (iii) | (i) | (iv) |
| (2) | (iii) | (i) | (iv) | (ii) |
| (3) | (i) | (iii) | (ii) | (iv) |
| (4) | (iv) | (ii) | (i) | (iii) |

- o O o -

**Space For Rough Work**